
ਜਮਾਤ +੨ ਵਿਸ਼ਾ ਲਾਜ਼ਮੀ ਪੰਜਾਬੀ

## ਪਾਠ- ਪੰਜਾਬੀ ਸੱਭਿਆਚਾਰ

### ਲੇਖਕ – ਡਾ. ਬਰਿੰਦਰ ਕੌਰ



(੧) ਵਸਤੂਨਿਸ਼ਠ ਪ੍ਰਸ਼ਨ:-

(ੳ) ਜਿੱਥੇ ਪੰਜਾਬੀ ਸੱਭਿਆਚਾਰ ਦੀ ਪ੍ਰਕ੍ਰਿਤੀ ਸਧਾਰਨ ਜਾਪਦੀ ਹੈ ਉੱਥੇ ਇਸ ਦਾ ਅਧਿਐਨ ਕਰਦੇ ਹੋਏ ਅਸੀਂ ਕੀ ਮਹਿਸੂਸ ਕਰਦੇ ਹਾਂ।

ਉੱਤਰ:- ਸੱਭਿਆਚਾਰ ਇੱਕ ਜਟਿਲ ਵਰਤਾਰਾ ਹੈ।

(ਅ) ਸੱਭਿਆਚਾਰ ਨਿਸਚੇ ਹੀ ਉਸ ਕੌਮ ਦੇ ਜੀਵਨ ਨਾਲ਼ ਜੁੜੇ ਵੱਖ-ਵੱਖ ਵਿਚਾਰਾਂ ਮਨੌਤਾਂ, ਰਹਿਣ ਸਹਿਣ, ਕਦਰਾਂ ਕੀਮਤਾਂ, ਖਾਣ ਪੀਣ, ਰੀਤੀ ਰਿਵਾਜਾਂ, ਪਹਿਰਾਵੇ, ਬੋਲੀ ਤੇ ਤਿੱਥ ਤਿਉਹਾਰ ਦਾ ਸੁਮੇਲ ਹੈ।

(ੲ) ਸੱਭਿਆਚਾਰ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ?

ਉੱਤਰ:- ਸੱਭਯ ਅਤੇ ਆਚਾਰ

(ਸ) ਅੰਗਰੇਜ਼ੀ ਭਾਸ਼ਾ ਵਿੱਚ ਸੱਭਿਆਚਾਰ ਲਈ ਕਲਚਰ ਸ਼ਬਦ ਵਰਤਿਆ ਜਾਂਦਾ ਹੈ। ( ਹਾਂ ਜਾਂ ਨਾ )

ਉੱਤਰ :- ਹਾਂ

(ਹ) ਪੰਜਾਬੀ ਸੱਭਿਆਚਾਰ ਪਾਠ ਦੇ ਆਧਾਰ ਤੇ ਦੱਸੋ ਕਿ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਕਿਹੜੇ ਵੇਦ ਦੀ ਰਚਨਾ ਹੋਈ ?

ਉੱਤਰ :- ਰਿਗਵੇਦ

(ਕ) ਰਿਗਵੇਦ ਦੇ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ?

ਉੱਤਰ :- ਸਪਤ ਸਿੰਧੂ

(ਖ) ਅਣਵੰਡੇ ਪੰਜਾਬ ਵਿਚਲੇ ਪੰਜ ਦਰਿਆਵਾਂ ਵਿੱਚੋਂ ਅਜੋਕੇ ਪੰਜਾਬ ਵਿੱਚ ਕਿੰਨੇ ਦਰਿਆ ਰਹਿ ਗਏ ?

ਉੱਤਰ :- ਢਾਈ

(ਗ) ਭਾਰਤ ਅਤੇ ਪਾਕਿਸਤਾਨ ਦੀ ਵੰਡ ਕਦੋਂ ਹੋਈ ?

ਉੱਤਰ :- ਸੰਨ 1947 ਨੂੰ

(ਘ) ਹਿਮਾਚਲ ਅਤੇ ਹਰਿਆਣਾ ਕਦੋਂ ਹੋਂਦ ਵਿੱਚ ਆਏ ?

ਉੱਤਰ :- 1 ਨਵੰਬਰ 1966 ਨੂੰ

(ਙ) ਰਿਗਵੇਦ ਦੀ ਰਚਨਾ ਦੇ ਨਾਲ਼-ਨਾਲ਼ ਕਿਹੜੇ ਨਿਯਮਬੱਧ ਵਿਆਕਰਨ ਗ੍ਰੰਥ ਦੀ ਰਚਨਾ ਇਸ ਧਰਤੀ ਉੱਤੇ ਹੋਈ?

ਉੱਤਰ :- ਪਾਣਿਨੀ ਦੇ ਗ੍ਰੰਥ ਦੀ

(੨) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

(ੳ) ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ।

ਉੱਤਰ :- ਸੱਭਿਆਚਾਰ ਕਿਸੇ ਖ਼ਾਸ ਖਿੱਤੇ ਵਿੱਚ ਵਸਦੇ ਲੋਕਾਂ ਦੀ ਜੀਵਨ-ਜਾਚ ਹੁੰਦੀ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦਾ ਰਹਿਣ-ਸਹਿਣ, ਕਦਰਾਂ-ਕੀਮਤਾਂ, ਵਿਚਾਰ, ਰੁਚੀਆਂ, ਮਨੌਤਾਂ, ਵਿਸ਼ਵਾਸ, ਖਾਣ-ਪੀਣ, ਰੀਤੀ-ਰਿਵਾਜ, ਪਹਿਰਾਵਾ, ਹਾਰ-ਸ਼ਿੰਗਾਰ, ਬੋਲੀ, ਦਿਲ- ਪਰਚਾਵੇ ਦੇ ਢੰਗ ਤੇ ਤਿੱਥ ਤਿਉਹਾਰ ਆਦਿ ਸ਼ਾਮਿਲ ਹੁੰਦੇ ਹਨ।

(ਅ) ਸੱਭਿਆਚਾਰ ਤੇ ਉਪ-ਸੱਭਿਆਚਾਰ ਵਿੱਚ ਕੀ ਫ਼ਰਕ ਹੁੰਦਾ ਹੈ।

ਉੱਤਰ :- ਸੱਭਿਆਚਾਰ ਦਾ ਸਬੰਧ ਕਿਸੇ ਸਮੁੱਚੇ ਜਨ-ਸਮੂਹ ਜਾਂ ਭੂਗੋਲਿਕ ਖੇਤਰ ਨਾਲ ਹੁੰਦਾ ਹੈ, ਪ੍ਰੰਤੂ ਉਸ ਵਿੱਚ ਮੌਜੂਦ ਵੱਖ-ਵੱਖ ਭੂਗੋਲਿਕ, ਜਾਤੀਗਤ, ਨਸਲੀ ਜਾਂ ਭਾਸ਼ਾਈ ਇਕਾਈਆਂ ਕਰਕੇ ਵੱਖਰਤਾ ਵੀ ਮੌਜੂਦ ਹੁੰਦਾ ਹੈ। ਜਿਸ ਨੂੰ ਉਪ- ਸੱਭਿਆਚਾਰ ਮੰਨਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਜੇਕਰ ਭਾਰਤੀ ਸੱਭਿਆਚਾਰ ਨੂੰ ਦੇਖਿਆ ਜਾਵੇ, ਤਾਂ ਪੰਜਾਬੀ, ਬੰਗਾਲੀ, ਮਰਾਠੀ ਆਦਿ ਇੱਥੋਂ ਦੇ ਉਪ-ਸੱਭਿਆਚਾਰ ਹਨ। ਪਰੰਤੂ ਇਹ ਆਪਣੇ-ਆਪਣੇ ਭੂਗੋਲਿਕ ਖੇਤਰਾਂ ਵਿੱਚ ਮੂਲ ਸੱਭਿਆਚਾਰ ਹਨ। ਇਸ ਪ੍ਰਕਾਰ ਜਿੱਥੇ ਪੰਜਾਬ ਦਾ ਆਪਣਾ ਪੰਜਾਬੀ ਸੱਭਿਆਚਾਰ ਹੈ। ਇੱਥੇ ਮਾਝੀ, ਦੁਆਬੀ, ਕਮਲਵਈ, ਪੋਠੋਹਾਰੀ ਅਤੇ ਪੁਆਧੀ ਇਸਦੇ ਉਪ-ਸੱਭਿਆਚਾਰ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਅੰਤਰਗਤ ਵੀ ਵੱਖ-ਵੱਖ ਜਾਤਾਂ, ਕਿੱਤਿਆਂ, ਧਰਮਾਂ ਦੇ ਉਪ-ਸੱਭਿਆਚਾਰ ਮੌਜੂਦ ਹਨ।

(ੲ) ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਪਿਛੋਕੜ ਬਾਰੇ ਦੱਸੋ।

ਉੱਤਰ :- ਪੰਜਾਬੀ ਸੱਭਿਆਚਾਰ ਦੀ ਧਾਰਾ ਆਰੀਆ ਜਾਤੀ ਦੇ ਪੰਜਾਬ ਵਿੱਚ ਆਗਮਨ ਤੇ ਵਸੇਵੇ ਨਾਲ ਜੁੜੀ ਹੋਈ ਹੈ। ਵੈਦਿਕ ਸੱਭਿਆਚਾਰ ਦਾ ਮਹਾਨ ਗ੍ਰੰਥ ਤੇ ਭਾਰਤੀ ਸੱਭਿਆਚਾਰ ਦਾ ਪੁਰਾਤਨ ਮਹਾਨ ਸਰੋਤ 'ਰਿਗਵੇਦ' ਪੰਜਾਬ ਵਿੱਚ ਹੀ ਰਚਿਆ ਗਿਆ। ਪੰਜਾਬੀ ਸੱਭਿਆਚਾਰ ਨੂੰ ਭਾਰਤੀ ਸੱਭਿਆਚਾਰ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ। ਪੰਜਾਬ ਨਾ ਕੇਵਲ ਹਮਲਾਵਰਾਂ ਦਾ ਪ੍ਰਵੇਸ਼ ਦੁਆਰ ਹੀ ਰਿਹਾ ਹੈ, ਸਗੋਂ ਹਿੰਦੁਸਤਾਨ ਦੇ ਨਾਮਕਰਨ ਵਿੱਚ ਵੀ ਇਸ ਦਾ ਵਿਸ਼ੇਸ਼ ਯੋਗਦਾਨ ਹੈ। ਰਿਗਵੇਦ ਕਾਲ ਵਿੱਚ ਪੰਜਾਬ ਨੂੰ ਸੱਤਾਂ ਦਰਿਆਵਾਂ ਦੀ ਧਰਤੀ ਹੋਣ ਕਰਕੇ 'ਸਪਤ ਸਿੰਧੂ' ਕਿਹਾ ਗਿਆ। ਪ੍ਰੰਤੂ ਮਹਾਂਭਾਰਤ ਕਾਲ ਵਿੱਚ ਇਸ ਨੂੰ 'ਪੰਚਨਦ' ਅਰਥਾਤ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਜਾਣ ਲੱਗਾ। ਪਿੱਛੋਂ ਮੁਸਲਮਾਨਾਂ ਦੇ ਆਉਣ ਪਿੱਛੋਂ ਇਹ 'ਪੰਚਨਦ' ਸ਼ਬਦ ਹੀ ਬਦਲ ਕੇ ਫ਼ਾਰਸੀ ਵਿੱਚ (ਪੰਜ+ ਆਬ) ਪੰਜਾਬ ਬਣ ਗਿਆ। ਭਾਰਤੀ ਸੱਭਿਆਚਾਰ ਦੀਆਂ ਪ੍ਰਮੁੱਖ ਘਟਨਾਵਾਂ ਵੀ ਪੰਜਾਬ ਵਿੱਚ ਹੀ ਵਾਪਰੀਆਂ। ਪਾਣਿਨੀ ਤੇ ਸੰਸਕ੍ਰਿਤ ਵਿਆਕਰਨ ਦੀ ਰਚਨਾ ਵੀ ਇਸੇ ਧਰਤੀ ਉੱਤੇ ਹੀ ਕੀਤੀ। ਮੱਧਕਾਲ ਵਿੱਚ ਪੰਜਾਬ ਇਸਲਾਮੀ ਧਰਮ ਤੇ ਸੰਸਕ੍ਰਿਤੀ ਦਾ ਵੱਡਾ ਕੇਂਦਰ ਰਿਹਾ। ਪੰਜਾਬ ਦੀ ਬਹੁਤੀ ਵਸੋਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ, ਪ੍ਰੰਤੂ ਇੱਥੋਂ ਦੇ ਸੂਫ਼ੀ ਫਕੀਰਾਂ ਨੇ ਪੰਜਾਬ ਦੇ ਸੱਭਿਆਚਾਰ ਵਿੱਚੋਂ ਭਾਰਤੀ ਤੇ ਇਸਲਾਮੀ ਰੰਗ ਦਾ ਸੁਮੇਲ ਕਰਨ ਦਾ ਯਤਨ ਕੀਤਾ। ਗੁਰੂ ਸਾਹਿਬਾਨਾਂ ਨੇ ਆਪਣੀ

ਮਾਨਵਤਾਵਾਦੀ ਸੋਚ ਅਨੁਸਾਰ ਨਵੇਂ ਸਿੱਖ ਧਰਮ ਤੇ ਫਲਸਫ਼ੇ ਦੀ ਨੀਂਹ ਰੱਖੀ, ਜੋ ਅਜੋਕੇ ਪੰਜਾਬੀ ਸੱਭਿਆਚਾਰ ਦਾ ਧੁਰਾ ਬਣਿਆ।

ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਸਫ਼ਰ ਵਿੱਚੋਂ ਗੁਜ਼ਰਦਿਆਂ ਸੱਤ ਦਰਿਆਵਾਂ ਤੋਂ ਪਹਿਲਾਂ ਪੰਜ ਦਰਿਆਵਾਂ ਦਾ ਤੇ ਫਿਰ ਸੰਨ 1947 ਵਿੱਚ ਢਾਈ ਦਰਿਆਵਾਂ ਦਾ ਰਹਿ ਗਿਆ। 1 ਨਵੰਬਰ 1966 ਤੋਂ ਪੰਜਾਬ ਦੇ ਤਿੰਨ ਹਿੱਸੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਕਰ ਦਿੱਤੇ ਗਏ ਅਤੇ ਪੰਜਾਬ ਹੋਰ ਵੀ ਸੁੰਗੜ ਗਿਆ।

**(ਸ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ।**

ਉੱਤਰ :- ਪੰਜਾਬੀ ਸੱਭਿਆਚਾਰ ਸੰਸਾਰ ਭਰ ਦੇ ਸੱਭਿਆਚਾਰਾਂ ਵਿੱਚੋ ਵਿਲੱਖਣ ਪਛਾਣ ਦਾ ਧਾਰਨੀ ਹੈ। ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ ਹੋਣ ਕਰਕੇ ਇੱਥੋਂ ਦੇ ਵਾਸੀ ਸੂਰਮਿਆਂ ਦੀ ਕੌਮ ਹੈ, ਜਿਸ ਵਿੱਚ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ, ਇਸ ਕਰਕੇ ਪ੍ਰੋ. ਪੂਰਨ ਸਿੰਘ ਇੱਥੋਂ ਦੇ ਜਵਾਨਾਂ ਨੂੰ ਮੌਤ ਨੂੰ ਮਖੌਲਾਂ ਕਰਨ ਵਾਲੇ ਆਖਦੇ ਹਨ। ਇਹ ਅਣਖ ਨਾਲ ਜੀਵਨ ਜਿਊਂਦੇ ਹਨ ਤੇ ਜ਼ਾਲਮ ਹਾਕਮਾਂ ਅੱਗੇ ਝੁਕਦੇ ਨਹੀਂ।

ਪੰਜਾਬੀ ਸੱਭਿਆਚਾਰ ਦਾ ਇੱਕ ਹੋਰ ਵਿਸ਼ੇਸ਼ ਲੱਛਣ ਇਸ ਦਾ ਮਿੱਸਾਪਣ ਹੈ। ਕਈ ਸਦੀਆਂ ਤੋਂ ਵਿਦੇਸ਼ੀ ਹਮਲਾਵਰ ਜਿਨ੍ਹਾਂ ਵਿੱਚ ਮੁਸਲਮਾਨ, ਮੁਗ਼ਲ ਤੇ ਅੰਗਰੇਜ਼ ਸ਼ਾਮਲ ਹਨ, ਦੇ ਇੱਥੇ ਕਾਬਜ਼ ਹੋਣ ਨਾਲ ਇਸ ਦਾ ਸੁਭਾਅ ਮਿੱਸਾ ਅਤੇ ਦਰੁਸਤ ਹਾਜ਼ਮੇ ਵਾਲਾ ਹੋ ਨਿਬੜਿਆ ਹੈ। ਇੱਥੋਂ ਦੀ ਬੋਲੀ, ਪਹਿਰਾਵਾ, ਰੀਤੀ-ਰਿਵਾਜ ਤੇ ਮਨੌਤਾਂ ਤੋਂ ਪੰਜਾਬੀ ਸੱਭਿਆਚਾਰ ਦੇ ਬਹੁ-ਜਾਤੀ, ਬਹੁ-ਕੌਮੀ ਤੇ ਬਹੁ-ਨਸਲੀ ਹੋਣ ਦੇ ਸੰਕੇਤ ਮਿਲਦੇ ਹਨ।

ਬੇਸ਼ੱਕ ਪੰਜਾਬੀ ਮਿਹਨਤੀ ਸੁਭਾਅ ਵਾਲੇ ਹਨ ਤੇ ਇਸੇ ਮਿਹਨਤ ਸਦਕਾ ਹੀ ਇਨ੍ਹਾਂ ਨੇ ਹਰੀ ਕ੍ਰਾਂਤੀ ਨਾਲ ਦੇਸ਼ ਦੇ ਅੰਨ ਦੇ ਭੰਡਾਰ ਭਰੇ ਹਨ, ਪਰੰਤੂ ਵਰਤਮਾਨ ਸਮੇਂ ਵਿੱਚ ਇੱਥੋਂ ਦੇ ਕੁਦਰਤੀ ਸਰੋਤਾਂ ਦੇ ਘੱਟਣ ਅਤੇ ਰਾਜਨੀਤਿਕ ਕਾਰਨਾਂ ਕਰਕੇ ਪੰਜਾਬ ਦੇ ਲੋਕਾਂ ਵਿੱਚ ਬਿਹਤਰ ਤੇ ਖੁਸ਼ਹਾਲ ਜੀਵਨ ਲਈ ਪੜ੍ਹ ਲਿਖ ਕੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਵਸਣ ਦੀ ਰੁੱਚੀ ਵਧ ਰਹੀ ਹੈ, ਜਿਸ ਕਾਰਨ ਪੰਜਾਬੀ ਸੁਭਾਅ ਅਤੇ ਇੱਕ ਦੂਜੇ ਪ੍ਰਤੀ ਵਰਤਾਓ ਵਿੱਚ ਤਬਦੀਲੀ ਆ ਰਹੀ ਹੈ।

**ਪ੍ਰਸ਼ਨ:- 'ਪੰਜਾਬੀ ਸੱਭਿਆਚਾਰ' ਲੇਖ ਦਾ ਸੰਖੇਪ ਸਾਰ ਲਿਖੋ।**

**ਉੱਤਰ:-** 'ਪੰਜਾਬੀ ਸੱਭਿਆਚਾਰ' ਲੇਖ ਡਾ. ਬਰਿੰਦਰ ਕੌਰ ਦਾ ਲਿਖਿਆ ਹੋਇਆ ਹੈ। ਇਸ ਲੇਖ ਤੋਂ ਸਾਨੂੰ ਪੰਜਾਬ ਸੂਬੇ, ਇੱਥੋਂ ਦੇ ਇਤਿਹਾਸ, ਰਾਜਨੀਤੀ ਲੋਕਧਾਰਾ ਅਤੇ ਖਾਸ ਕਰਕੇ ਪੰਜਾਬੀ ਸੱਭਿਆਚਾਰ ਅਤੇ ਕੁੱਪ ਸੱਭਿਆਚਾਰਾਂ ਬਾਰੇ ਇਹ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਲੇਖ ਵਿੱਚ ਪੰਜਾਬੀਅਤ ਦੇ ਵਿਲੱਖਣ ਪਛਾਣ ਚਿੰਨ੍ਹ ਅਤੇ ਸੱਭਿਆਚਾਰ ਦੇ ਲੱਛਣਾਂ ਨੂੰ ਉਲੀਕਣ ਦੇ ਨਾਲ਼-ਨਾਲ਼ ਗੁਆਚ ਰਹੀਆਂ ਕਦਰਾਂ-ਕੀਮਤਾਂ ਬਾਰੇ ਵੀ ਚਿੰਤਾ ਪ੍ਰਗਟਾਈ ਗਈ ਹੈ।

**ਸੱਭਿਆਚਾਰ ਪਰਿਭਾਸ਼ਾ ਅਤੇ ਸਰੂਪ:-** ਸੱਭਿਆਚਾਰ ਕਿਸੇ ਖ਼ਾਸ ਖਿੱਤੇ ਵਿੱਚ ਵਸਦੇ ਲੋਕਾਂ ਦੀ ਜੀਵਨ-ਜਾਚ ਹੁੰਦੀ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦਾ ਰਹਿਣ-ਸਹਿਣ, ਕਦਰਾਂ-ਕੀਮਤਾਂ, ਵਿਚਾਰ, ਰੁਚੀਆਂ, ਮਨੌਤਾਂ, ਵਿਸ਼ਵਾਸ, ਖਾਣ-ਪੀਣ, ਰੀਤੀ-ਰਿਵਾਜ, ਪਹਿਰਾਵਾ, ਹਾਰ-ਸ਼ਿੰਗਾਰ, ਬੋਲੀ, ਦਿਲ- ਪਰਚਾਵੇ ਦੇ ਢੰਗ ਤੇ ਤਿੱਥ ਤਿਉਹਾਰ ਆਦਿ ਦਾ ਸੁਮੇਲ ਹੁੰਦਾ ਹੈ। ਸੱਭਿਆਚਾਰ ਦੀ ਪ੍ਰਕ੍ਰਿਤੀ ਦੇਖਣ ਨੂੰ ਸਧਾਰਨ ਜਾਪਦੀ ਹੈ, ਪਰ ਇਹ ਇੱਕ ਜਟਿਲ ਵਰਤਾਰਾ ਹੈ।

ਸੱਭਿਆਚਾਰ ਸ਼ਬਦ 'ਸਭਯ' ਅਤੇ 'ਅਚਾਰ' ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਜਿਸ ਦਾ ਭਾਵ ਜੀਵਨ ਦਾ ਉਹ ਚਰਿੱਤਰ ਹੈ ਜੋ ਕਿਸੇ ਨਿਯਮਬੱਧਤਾ ਦਾ ਧਾਰਨੀ ਹੁੰਦਾ ਹੈ। ਇਸ ਵਿੱਚ ਜੀਵਨ-ਜਾਚ ਲਈ ਅਜਿਹੇ ਨੇਮਬੱਧ ਅਸੂਲ ਅਪਣਾਏ ਹੁੰਦੇ ਹਨ, ਜਿੰਨ੍ਹਾਂ ਨੂੰ ਸਾਰਾ ਲੋਕ ਸਮੂਹ ਪ੍ਰਵਾਨ ਕਰਦਾ ਹੈ। ਇਸ ਕਰਕੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਸੱਭਿਆਚਾਰ ਲਈ ਹਿੰਦੀ ਵਿੱਚ 'ਸੰਸਕ੍ਰਿਤੀ' ਅਤੇ ਅੰਗਰੇਜ਼ੀ ਵਿੱਚ 'ਕਲਚਰ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਪੰਜਾਬੀ ਸੱਭਿਆਚਾਰ ਦਾ ਇਤਿਹਾਸਕ ਪਿਛੋਕੜ ਅਤੇ ਵਰਗ ਵੰਡ:-** ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ। ਇਸ ਅਨੇਕਤਾ ਵਿਚ ਉਪ-ਸੱਭਿਆਚਾਰ ਵਿਲੱਖਣਤਾਵਾਂ ਦੇ ਬਾਵਜੂਦ ਏਕਤਾ ਮੌਜੂਦ ਹੈ। ਉਪ-ਸੱਭਿਆਚਾਰ ਅਤੇ ਸੱਭਿਆਚਾਰ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਸੱਭਿਆਚਾਰ ਦਾ ਸਬੰਧ ਕਿਸੇ ਸਮੁੱਚੇ ਜਨ-ਸਮੂਹ ਜਾਂ ਭੂਗੋਲਿਕ ਖੇਤਰ ਨਾਲ ਹੁੰਦਾ ਹੈ, ਪ੍ਰੰਤੂ ਉਸ ਵਿੱਚ ਮੌਜੂਦ ਵੱਖ-ਵੱਖ ਭੂਗੋਲਿਕ, ਜਾਤੀਗਤ, ਨਸਲੀ ਜਾਂ ਭਾਸ਼ਾਈ ਇਕਾਈਆਂ ਕਰਕੇ ਵੱਖਰਤਾ ਵੀ ਮੌਜੂਦ ਹੁੰਦਾ ਹੈ ਜਿਸ ਨੂੰ ਉਪ- ਸੱਭਿਆਚਾਰ ਮੰਨਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਜੇਕਰ ਭਾਰਤੀ ਸੱਭਿਆਚਾਰ ਨੂੰ ਦੇਖਿਆ ਜਾਵੇ, ਤਾਂ ਪੰਜਾਬੀ, ਬੰਗਾਲੀ, ਮਰਾਠੀ ਆਦਿ ਇੱਥੋਂ ਦੇ ਉਪ-ਸੱਭਿਆਚਾਰ ਹਨ। ਪਰੰਤੂ ਇਹ ਆਪਣੇ-ਆਪਣੇ ਭੂਗੋਲਿਕ ਖੇਤਰਾਂ ਵਿੱਚ ਮੂਲ ਸੱਭਿਆਚਾਰ ਹਨ। ਇਸ ਪ੍ਰਕਾਰ ਜਿੱਥੇ ਪੰਜਾਬ ਦਾ ਆਪਣਾ ਪੰਜਾਬੀ ਸੱਭਿਆਚਾਰ ਹੈ। ਇੱਥੇ ਮਾਝੀ, ਦੁਆਬੀ, ਕਮਲਵਈ, ਪੋਠੋਹਾਰੀ ਅਤੇ ਪੁਆਧੀ ਇਸਦੇ ਉਪ-ਸੱਭਿਆਚਾਰ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਅੰਤਰਗਤ ਵੀ ਵੱਖ-ਵੱਖ ਜਾਤਾਂ, ਕਿੱਤਿਆਂ, ਧਰਮਾਂ ਦੇ ਉਪ-ਸੱਭਿਆਚਾਰ ਮੌਜੂਦ ਹਨ।

ਪੰਜਾਬੀ ਸੱਭਿਆਚਾਰ ਦਾ ਖੇਤਰ ਭਾਵੇਂ ਛੋਟਾ ਹੈ, ਪ੍ਰੰਤੂ ਇਸ ਨੇ ਸਮੁੱਚੇ ਭਾਰਤ ਤੋਂ ਇਲਾਵਾ ਵਿਸ਼ਵ ਭਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ ਜਿਸ ਦਾ ਕਾਰਨ ਇਸ ਦੇ ਵੱਖਰੇ ਪਛਾਣ ਚਿੰਨ੍ਹ ਹਨ। ਪੰਜਾਬੀ ਸੱਭਿਆਚਾਰ ਦੀ ਧਾਰਾ ਆਰੀਆ ਜਾਤੀ ਦੇ ਪੰਜਾਬ ਵਿੱਚ ਆਗਮਨ ਤੇ ਵਸੇਵੇ ਨਾਲ ਜੁੜੀ ਹੋਈ ਹੈ। ਵੈਦਿਕ ਸੱਭਿਆਚਾਰ ਦਾ ਮਹਾਨ ਗ੍ਰੰਥ ਤੇ ਭਾਰਤੀ ਸੱਭਿਆਚਾਰ ਦਾ ਪੁਰਾਤਨ ਮਹਾਨ ਸਰੋਤ 'ਰਿਗਵੇਦ' ਪੰਜਾਬ ਵਿੱਚ ਹੀ ਰਚਿਆ ਗਿਆ। ਪੰਜਾਬੀ ਸੱਭਿਆਚਾਰ ਨੂੰ ਭਾਰਤੀ ਸੱਭਿਆਚਾਰ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ। ਪੰਜਾਬ ਨਾ ਕੇਵਲ ਹਮਲਾਵਰਾਂ ਦਾ ਪ੍ਰਵੇਸ਼ ਦੁਆਰ ਹੀ ਰਿਹਾ ਹੈ, ਸਗੋਂ ਹਿੰਦੁਸਤਾਨ ਦੇ ਨਾਮਕਰਨ ਵਿੱਚ ਵੀ ਇਸ ਦਾ ਵਿਸ਼ੇਸ਼ ਯੋਗਦਾਨ ਹੈ। ਰਿਗਵੇਦ ਕਾਲ ਵਿੱਚ ਪੰਜਾਬ ਨੂੰ ਸੱਤਾਂ ਦਰਿਆਵਾਂ ਦੀ ਧਰਤੀ ਹੋਣ ਕਰਕੇ 'ਸਪਤ ਸਿੰਧੂ' ਕਿਹਾ ਗਿਆ। ਪ੍ਰੰਤੂ ਮਹਾਂਭਾਰਤ ਕਾਲ ਵਿੱਚ ਇਸ ਨੂੰ 'ਪੰਚਨਦ' ਅਰਥਾਤ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਜਾਣ ਲੱਗਾ। ਪਿੱਛੋਂ ਮੁਸਲਮਾਨਾਂ ਦੇ ਆਉਣ ਪਿੱਛੋਂ ਇਹ 'ਪੰਚਨਦ' ਸ਼ਬਦ ਹੀ ਬਦਲ ਕੇ ਫ਼ਾਰਸੀ ਵਿੱਚ (ਪੰਜ+ ਆਬ) ਪੰਜਾਬ ਬਣ ਗਿਆ। ਭਾਰਤੀ ਸੱਭਿਆਚਾਰ ਦੀਆਂ ਪ੍ਰਮੁੱਖ ਘਟਨਾਵਾਂ ਵੀ ਪੰਜਾਬ ਵਿੱਚ ਹੀ ਵਾਪਰੀਆਂ। ਪਾਣਿਨੀ ਤੇ ਸੰਸਕ੍ਰਿਤ ਵਿਆਕਰਨ ਦੀ ਰਚਨਾ ਵੀ ਇਸੇ ਧਰਤੀ ਉੱਤੇ ਹੀ ਕੀਤੀ। ਮੱਧਕਾਲ ਵਿੱਚ ਪੰਜਾਬ ਇਸਲਾਮੀ ਧਰਮ ਤੇ ਸੰਸਕ੍ਰਿਤੀ ਦਾ ਵੱਡਾ ਕੇਂਦਰ ਰਿਹਾ। ਪੰਜਾਬ ਦੀ ਬਹੁਤੀ ਵਸੋਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ, ਪ੍ਰੰਤੂ ਇੱਥੋਂ ਦੇ ਸੂਫ਼ੀ ਫਕੀਰਾਂ ਨੇ ਪੰਜਾਬ ਦੇ ਸੱਭਿਆਚਾਰ ਵਿੱਚੋਂ ਭਾਰਤੀ ਤੇ ਇਸਲਾਮੀ ਰੰਗ ਦਾ ਸੁਮੇਲ ਕਰਨ ਦਾ ਯਤਨ ਕੀਤਾ। ਗੁਰੂ ਸਾਹਿਬਾਨਾਂ ਨੇ ਆਪਣੀ ਮਾਨਵਤਾਵਾਦੀ ਸੋਚ ਅਨੁਸਾਰ ਨਵੇਂ ਸਿੱਖ ਧਰਮ ਤੇ ਫਲਸਫ਼ੇ ਦੀ ਨੀਂਹ ਰੱਖੀ, ਜੋ ਅਜੋਕੇ ਪੰਜਾਬੀ ਸੱਭਿਆਚਾਰ ਦਾ ਧੁਰਾ ਬਣਿਆ ।

ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਸਫ਼ਰ ਵਿੱਚੋਂ ਗੁਜ਼ਰਦਿਆਂ ਸੱਤ ਦਰਿਆਵਾਂ ਤੋਂ ਪਹਿਲਾਂ ਪੰਜ ਦਰਿਆਵਾਂ ਦਾ ਤੇ ਫਿਰ ਸੰਨ 1947 ਵਿੱਚ ਢਾਈ ਦਰਿਆਵਾਂ ਦਾ ਰਹਿ ਗਿਆ। 1 ਨਵੰਬਰ 1966 ਤੋਂ ਪੰਜਾਬ ਦੇ ਤਿੰਨ ਹਿੱਸੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਕਰ ਦਿੱਤੇ ਗਏ ਅਤੇ ਪੰਜਾਬ ਹੋਰ ਵੀ ਸੁੰਗੜ ਗਿਆ।

**ਪੰਜਾਬੀ ਸੱਭਿਆਚਾਰ ਦੇ ਲੱਛਣ:-** ਪੰਜਾਬੀ ਸੱਭਿਆਚਾਰ ਸੰਸਾਰ ਭਰ ਦੇ ਸੱਭਿਆਚਾਰਾਂ ਵਿੱਚੋ ਵਿਲੱਖਣ ਪਛਾਣ ਦਾ ਧਾਰਨੀ ਹੈ। ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ ਹੋਣ ਕਰਕੇ ਇੱਥੋਂ ਦੇ ਵਾਸੀ ਸੂਰਮਿਆਂ ਦੀ ਕੌਮ ਹੈ, ਜਿਸ ਵਿੱਚ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ, ਇਸ ਕਰਕੇ ਪ੍ਰੋ. ਪੂਰਨ ਸਿੰਘ ਇੱਥੋਂ ਦੇ ਜਵਾਨਾਂ ਨੂੰ ਮੌਤ ਨੂੰ ਮਖੌਲਾਂ ਕਰਨ ਵਾਲੇ ਆਖਦੇ ਹਨ। ਇਹ ਅਣਖ ਨਾਲ ਜੀਵਨ ਜਿਊਂਦੇ ਹਨ ਤੇ ਜ਼ਾਲਮ ਹਾਕਮਾਂ ਅੱਗੇ ਝੁਕਦੇ ਨਹੀਂ।

ਪੰਜਾਬੀ ਸੱਭਿਆਚਾਰ ਦਾ ਇੱਕ ਹੋਰ ਵਿਸ਼ੇਸ਼ ਲੱਛਣ ਇਸ ਦਾ ਮਿੱਸਾਪਣ ਹੈ। ਕਈ ਸਦੀਆਂ ਤੋਂ ਵਿਦੇਸ਼ੀ ਹਮਲਾਵਰ ਜਿਨ੍ਹਾਂ ਵਿੱਚ ਮੁਸਲਮਾਨ, ਮੁਗ਼ਲ ਤੇ ਅੰਗਰੇਜ਼ ਸ਼ਾਮਲ ਹਨ, ਦੇ ਇੱਥੇ ਕਾਬਜ਼ ਹੋਣ ਨਾਲ ਇਸ ਦਾ ਸੁਭਾਅ ਮਿੱਸਾ ਅਤੇ ਦਰੁਸਤ ਹਾਜ਼ਮੇ ਵਾਲਾ ਹੋ ਨਿਬੜਿਆ ਹੈ। ਇੱਥੋਂ ਦੀ ਬੋਲੀ, ਪਹਿਰਾਵਾ, ਰੀਤੀ-ਰਿਵਾਜ ਤੇ ਮਨੌਤਾਂ ਤੋਂ ਪੰਜਾਬੀ ਸੱਭਿਆਚਾਰ ਦੇ ਬਹੁ-ਜਾਤੀ, ਬਹੁ-ਕੌਮੀ ਤੇ ਬਹੁ-ਨਸਲੀ ਹੋਣ ਦੇ ਸੰਕੇਤ ਮਿਲਦੇ ਹਨ।

ਬੇਸ਼ੱਕ ਪੰਜਾਬੀ ਮਿਹਨਤੀ ਸੁਭਾਅ ਵਾਲੇ ਹਨ ਤੇ ਇਸੇ ਮਿਹਨਤ ਸਦਕਾ ਹੀ ਇਨ੍ਹਾਂ ਨੇ ਹਰੀ ਕ੍ਰਾਂਤੀ ਨਾਲ ਦੇਸ਼ ਦੇ ਅੰਨ ਦੇ ਭੰਡਾਰ ਭਰੇ ਹਨ, ਪਰੰਤੂ ਵਰਤਮਾਨ ਸਮੇਂ ਵਿੱਚ ਇੱਥੋਂ ਦੇ ਕੁਦਰਤੀ ਸਰੋਤਾਂ ਦੇ ਘੱਟਣ ਅਤੇ ਰਾਜਨੀਤਿਕ ਕਾਰਨਾਂ ਕਰਕੇ ਪੰਜਾਬ ਦੇ ਲੋਕਾਂ ਵਿੱਚ ਬਿਹਤਰ ਤੇ ਖੁਸ਼ਹਾਲ ਜੀਵਨ ਲਈ ਪੜ੍ਹ ਲਿਖ ਕੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਵਸਣ ਦੀ ਰੁੱਚੀ ਵਧ ਰਹੀ ਹੈ, ਜਿਸ ਕਾਰਨ ਪੰਜਾਬੀ ਸੁਭਾਅ ਅਤੇ ਇੱਕ ਦੂਜੇ ਪ੍ਰਤੀ ਵਰਤਾਓ ਵਿੱਚ ਤਬਦੀਲੀ ਆ ਰਹੀ ਹੈ।

ਅੱਜ ਕੱਲ੍ਹ ਕੁੱਝ ਰਾਜਨੀਤਕ ਕਾਰਨਾਂ ਤੇ ਕੁਦਰਤੀ ਸਾਧਨਾਂ ਦੀ ਘਾਟ ਕਰਕੇ ਪੰਜਾਬੀ ਲੋਕ ਬਿਹਤਰ ਜੀਵਨ ਲਈ ਵਿਦੇਸ਼ਾਂ ਵਿੱਚ ਜਾ ਵੱਸੇ ਹਨ। ਜਿਸ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਤਬਦੀਲੀਆਂ ਆ ਰਹੀਆਂ ਹਨ ਪਰੰਤੂ ਇਸ ਦੇ ਬਾਵਜੂਦ ਇਹ ਪੰਜਾਬੀ ਸੱਭਿਆਚਾਰ ਆਪਣੇ ਮੂਲ ਨੂੰ ਕਾਇਮ ਰੱਖ ਰਿਹਾ ਹੈ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ ( ਅੰਮ੍ਰਿਤਸਰ )

8437626373

